27-Nov_Punjab-3-10-9--3-Star.qxd 11/27/2025 8:44 PM Page 1

ਕਿੰਨਰਾਂ ਵਲੋਂ ਨੌਜਵਾਨ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ

ਲੁਧਿਆਣਾ, 27 ਨਵੰਬਰ (ਆਹੂਜਾ)-ਸਥਾਨਕ ਸੈਸ਼ਨ ਕੋਰਟ ਨੇੜੇ ਕਿੰਨਰਾਂ ਵਲੋਂ ਇਕ ਨੌਜਵਾਨ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਵਲੋਂ ਇਸ ਮਾਮਲੇ ਵਿਚ ਕੁੰਦਨਪੁਰੀ ਦੇ ਰਹਿਣ ਵਾਲੇ ਰਣਜੀਤ ਸ਼ਾਹ ਦੀ ਸ਼ਿਕਾਇਤ 'ਤੇ ਤਿੰਨ ਕਿਨਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਹ ਕਿੰਨਰ ਸੈਸ਼ਨ ਚੌਕ ਨੇੜੇ ਸੜਕ 'ਤੇ ਲੋਕਾਂ ਪਾਸੋਂ ਜਬਰੀ ਵਸੂਲੀ ਵੀ ਕਰ ਰਹੇ ਸਨ। ਪੁਲਿਸ ਵਲੋਂ ਹਾਲ ਦੀ ਘੜੀ ਇਸ ਮਾਮਲੇ ਵਿਚ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ। ਪੁਲਿਸ ਪਾਸ ਲਿਖਵਾਈ ਮੁੱਢਲੀ ਰਿਪੋਰਟ ਵਿਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਬੀਤੇ ਦਿਨ ਉਹ ਸੈਸ਼ਨ 'ਚੋਂ ਨੇੜੇ ਜਾ ਰਿਹਾ ਸੀ ਤਾਂ ਉਹ ਵਾਨ ਵਾਲੀ ਦੁਕਾਨ ਤੋਂ ਪਾਨ ਅਤੇ ਗੁਟਕਾ ਲੈਣ ਲਈ ਰੁਕਿਆ। ਇਸ ਦੌਰਾਨ ਤਿੰਨ ਕਿੰਨਰ ਉਥੇ ਆ ਗਏ, ਜੋ ਕਿ ਉਸਦੇ ਮੂੰਹ 'ਤੇ ਸਿਗਰਟ ਦਾ ਧੂੰਆਂ ਮਾਰਨ ਲੱਗ ਪਏ। ਜਦੋਂ ਉਸਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਕਥਿਤ ਦੋਸ਼ੀਆਂ ਨੇ ਉਸ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ ਤੇ ਧਮਕੀਆਂ ਦੇ ਕੇ ਫ਼ਰਾਰ ਹੋ ਗਏ। ਸ਼ਿਕਾਇਤਕਰਤਾ ਵਲੋਂ ਇਹ ਸਾਰਾ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ ਤਾਂ ਪੁਲਿਸ ਵਲੋਂ ਕਾਰਵਾਈ ਕਰਦਿਆਂ ਇਸ ਮਾਮਲੇ ਵਿਚ ਕੇਸ ਦਰਜ ਕਰ ਲਿਆ। ਹਾਲ ਦੀ ਘੜੀ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ।

ਹੰਗੂ ਅੱਤਵਾਦੀ ਹਮਲੇ 'ਚ 3 ਪੁਲਿਸ ਅਧਿਕਾਰੀਆਂ ਦੀ ਮੌਤ

ਅੰਮ੍ਰਿਤਸਰ, 27 ਨਵੰਬਰ (ਸੁਰਿੰਦਰ ਕੋਛੜ)-ਬੀਤੀ ਦੇਰ ਰਾਤ ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਹੰਗੂ ਸ਼ਹਿਰ 'ਚ ਇਕ ਪੁਲਿਸ ਚੌਕੀ 'ਤੇ ਹੋਏ ਅੱਤਵਾਦੀ ਹਮਲੇ ਵਿਚ ਤਿੰਨ ਅਧਿਕਾਰੀ ਮਾਰੇ ਗਏ ਅਤੇ ਦੋ ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਅੱਤਵਾਦੀਆਂ ਨੇ ਹੰਗੂ ਦੇ ਸ਼ਾਹੂ ਰੋਡ ਖੇਤਰ 'ਚ ਕਾਜ਼ੀ ਤਲਾਬ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਇਆ। ਜ਼ਿਲ੍ਹਾ ਪੁਲਿਸ ਅਧਿਕਾਰੀ (ਡੀ. ਪੀ. ਓ.) ਖ਼ਾਨ ਜ਼ੇਬ ਖ਼ਾਨ ਨੇ ਕਿਹਾ ਕਿ ਮਾਰੇ ਗਏ ਲੋਕਾਂ 'ਚ ਖ਼ੁਫ਼ੀਆ ਏਜੰਸੀ ਦੇ ਇਕ ਅਧਿਕਾਰੀ ਸਮੇਤ ਐੱਲ. ਐੱਚ. ਸੀ. ਵਹੀਦ ਸ਼ਾਹ ਅਤੇ ਕਾਂਸਟੇਬਲ ਅਬਦੁਲ ਸਮਦ ਸ਼ਾਮਿਲ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪਿਸ਼ਾਵਰ ਦੇ ਮਤਨੀ ਖੇਤਰ 'ਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਅੱਤਵਾਦੀਆਂ ਨੇ ਬੰਬ ਧਮਾਕੇ ਕਰਕੇ ਗੈਸ ਪਾਈਪਲਾਈਨ ਨੂੰ ਉਡਾ ਦਿੱਤਾ, ਜਿਸ ਨਾਲ ਪਿਸ਼ਾਵਰ, ਸਵਾਤ ਅਤੇ ਮਰਦਾਨ ਲਈ ਸਪਲਾਈ ਪੂਰੀ ਤਰ੍ਹਾਂ ਠੱਪ ਹੋ ਗਈ।

ਦਿੱਲੀ ਵਿਖੇ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਸਮੇਂ ਡਾ. ਵਿਜੇ ਸਤਬੀਰ ਸਿੰਘ ਤੇ ਹੋਰ। ਅਜੀਤ ਤਸਵੀਰ

ਡਾ: ਵਿਜੇ ਸਤਬੀਰ ਸਿੰਘ ਦਿੱਲੀ ਸ਼ਤਾਬਦੀ ਸਮਾਗਮਾਂ 'ਚ ਹੋਏ ਸ਼ਾਮਿਲ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)-ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ.ਏ.ਐੱਸ. ਨੇ ਕੇਂਦਰ ਸਰਕਾਰ, ਦਿੱਲੀ ਸਰਕਾਰ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਂਝੇ ਤੌਰ 'ਤੇ ਦਿੱਲੀ ਦੇ ਲਾਲ ਕਿਲ੍ਹਾ ਵਿਚ ਕਰਵਾਏ ਗਏ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਵਿਚ ਹਾਜ਼ਰੀ ਭਰੀ। ਇਸ ਮੌਕੇ ਡਾ. ਵਿਜੇ ਸਤਬੀਰ ਸਿੰਘ ਨੇ ਕਿਹਾ ਕਿ ਸਿੱਖ ਧਰਮ ਸੰਸਾਰ ਦਾ ਸਭ ਤੋਂ ਵਿਲੱਖਣ ਤੇ ਸਰਬ ਸਾਂਝਾ ਧਰਮ ਹੈ, ਜੋ ਸੰਸਾਰ ਦੇ ਲੋਕਾਂ ਨੂੰ ਆਪਸੀ ਭਾਈਚਾਰਾ, ਸਦਭਾਵਨਾ, ਸਾਂਝੀਵਾਲਤਾ ਤੇ ਮਨੁੱਖੀ ਹੱਕਾਂ ਲਈ ਅੱਗੇ ਆਉਣ ਵਰਗੇ ਗੁਣਾਂ ਰਾਹੀਂ ਇਕ ਨਿਵੇਕਲਾ ਰਾਹ ਦਿਖਾਉਂਦਾ ਹੈ। ਇਸ ਮੌਕੇ ਡਾ. ਵਿਜੇ ਸਤਬੀਰ ਸਿੰਘ ਦੇ ਨਾਲ ਜਸਵੰਤ ਸਿੰਘ ਬੌਬੀ ਦਿੱਲੀ, ਸੁਖਵਿੰਦਰ ਸਿੰਘ ਬੱਬਰ ਮੈਂਬਰ ਦਿੱਲੀ ਕਮੇਟੀ, ਹਰਮੀਤ ਸਿੰਘ ਉਬਰਾਏ ਮੈਂਬਰ ਯੂਥ ਅਕਾਲੀ ਦਲ ਦਿੱਲੀ, ਬਲਜਿੰਦਰ ਸਿੰਘ ਮੋਨੂ ਚੇਅਰਮੈਨ ਗੁਰਦੁਆਰਾ ਮਾਤਾ ਸੁੰਦਰੀ ਜੀ ਆਦਿ ਵੀ ਹਾਜ਼ਰ ਸਨ।

ਮਸ਼ੀਨੀਕਰਨ ਕਾਰਨ ਕਿਸਾਨ ਦੀ ਹੈਸੀਅਤ ਦੇ ਪ੍ਰਤੀਕ ਰਹੇ 'ਗੱਡੇ' ਮੇਲਿਆਂ ਤੱਕ ਸੀਮਤ ਹੋਏ

ਅੱਜ ਦੀ ਨੌਜਵਾਨ ਪੀੜ੍ਹੀ ਗੱਡਿਆਂ ਦੀ ਅਹਿਮੀਅਤ ਤੋਂ ਅਣਜਾਣ

ਗੁਰਵਿੰਦਰ ਸਿੰਘ ਔਲਖ

ਪਟਿਆਲਾ, 27 ਨਵੰਬਰ-ਪੰਜਾਬ ਦੀ ਰਵਾਇਤੀ ਵਿਰਾਸਤ ਵਿਚ ਬੱਲਦਾਂ ਨਾਲ ਚਲਦੇ ਗੱਡੇ ਇਕ ਸਮੇਂ ਕਿਸਾਨ ਦੀ ਹੈਸੀਅਤ, ਮਿਹਨਤ ਅਤੇ ਘਰ ਦੀ ਤਾਕਤ ਦਾ ਪ੍ਰਤੀਕ ਮੰਨੇ ਜਾਂਦੇ ਸਨ ਪਰ ਮਸ਼ੀਨੀਕਰਨ ਦੀ ਤੇਜ਼ ਰਫ਼ਤਾਰ ਨੇ ਜਿੱਥੇ ਪਿੰਡਾਂ ਦੀ ਜੀਵਨ-ਸ਼ੈਲੀ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ, ਉੱਥੇ ਹੀ ਨੌਜਵਾਨ ਪੀੜ੍ਹੀ ਇਸ ਗੱਡੇ ਦੀ ਅਸਲ ਅਹਿਮੀਅਤ ਤੋਂ ਲਗਭਗ ਬੇਖ਼ਬਰ ਹੈ। ਅੱਜ ਇਹ ਗੱਡੇ ਜਿਨ੍ਹਾਂ ਨੇ ਕਦੇ ਪਿੰਡ ਦੀ ਰੋਜ਼ਾਨਾ ਜ਼ਿੰਦਗੀ ਦਾ ਭਾਰ ਚੁੱਕਿਆ ਸੀ, ਉਹ ਮੇਲਿਆਂ ਦੇ ਸ਼ਿੰਗਾਰ ਅਤੇ ਮਿਊਜ਼ੀਅਮਾਂ ਦੀਆਂ ਚੀਜ਼ਾਂ ਬਣ ਕੇ ਰਹਿ ਗਏ ਹਨ। ਭਾਰਤ ਦੀ ਸਾਲ 1961 ਤੇ 1971 ਦੀ ਪਸ਼ੂ-ਧਨ ਮਰਦਮਸ਼ੁਮਾਰੀ ਮੁਤਾਬਿਕ, ਉਸ ਸਮੇਂ ਪੰਜਾਬ 'ਚ ਬੱਲਦਾਂ ਦੀ ਗਿਣਤੀ 11 ਲੱਖ ਤੋਂ ਵੱਧ ਦਰਜ ਕੀਤੀ ਗਈ ਸੀ। ਇਨ੍ਹਾਂ 'ਚੋਂ ਵੱਡਾ ਹਿੱਸਾ ਖੇਤੀਬਾੜੀ ਦੇ ਕੰਮਾਂ, ਬੋਝ ਢੋਣ ਅਤੇ ਗੱਡੇ ਖਿੱਚਣ ਲਈ ਵਰਤਿਆ ਜਾਂਦਾ ਸੀ। ਸਾਲ 1970-80 ਦੇ ਦਹਾਕੇ ਤੱਕ ਹਰ ਪਿੰਡ ਵਿਚ ਬੱਲਦ-ਗੱਡੇ ਆਮ ਯਾਤਰਾ ਦਾ ਸਾਧਨ ਸਨ ਅਤੇ ਕਿਸਾਨੀ ਘਰ ਦੀ ਰੋਜ਼ਾਨਾ ਲੋੜ ਦਾ ਅਹਿਮ ਹਿੱਸਾ ਬਣੇ ਰਹਿੰਦੇ ਸਨ। ਹਰੀ ਕ੍ਰਾਂਤੀ ਤੋਂ ਬਾਅਦ ਤਸਵੀਰ ਵੱਡੇ ਪੱਧਰ 'ਤੇ ਬਦਲੀ। ਅਧਿਕਾਰਤ ਅੰਕੜੇ ਦਰਸਾਉਂਦੇ ਹਨ ਕਿ ਸਾਲ 1980 ਤੋਂ 1995 ਦੇ ਦਰਮਿਆਨ ਟਰੈਕਟਰਾਂ ਦੀ ਗਿਣਤੀ 30 ਹਜ਼ਾਰ ਤੋਂ ਵਧ ਕੇ 2.5 ਲੱਖ ਤੱਕ ਪਹੁੰਚ ਗਈ। ਮਕੈਨਾਈਜ਼ੇਸ਼ਨ ਦੇ ਇਸ ਵਾਧੇ ਨਾਲ ਬੱਲਦਾਂ ਦੀ ਲੋੜ ਘਟਦੀ ਗਈ ਅਤੇ ਸਾਲ 2003 ਦੀ ਪਸ਼ੂ-ਧਨ ਮਰਦਮਸ਼ੁਮਾਰੀ ਵਿਚ ਮਿਹਨਤੀ ਬੱਲਦਾਂ ਦੀ ਗਿਣਤੀ ਵਿਚ 70 ਫ਼ੀਸਦੀ ਤੱਕ ਕਮੀ ਹੋ ਗਈ। ਸਾਲ 2019 ਦੀ ਪਸ਼ੂ-ਧਨ ਮਰਦਮਸ਼ੁਮਾਰੀ ਵਿਚ ਦਰਸਾਏ ਬੱਲਦ ਵੀ ਮੁੱਖ ਤੌਰ 'ਤੇ ਸਜਾਵਟੀ ਜਾਂ ਰਵਾਇਤੀ ਪਾਲਣ ਸ਼੍ਰੇਣੀ ਵਿਚ ਹਨ-ਖੇਤੀਬਾੜੀ ਵਿਚ ਵਰਤੋਂ ਲਗਭਗ ਨਾਂਹ ਦੇ ਬਰਾਬਰ ਹੈ। ਪੰਜਾਬ ਦੇ ਆਰਥਿਕ ਸਰਵੇਖਣ ਸਾਲ 2022-23 ਅਨੁਸਾਰ ਖੇਤੀਬਾੜੀ ਵਿਚ ਮਕੈਨਾਈਜ਼ੇਸ਼ਨ ਦੀ ਦਰ 95 ਫ਼ੀਸਦੀ ਤੋਂ ਉੱਪਰ ਹੋ ਗਈ ਹੈ, ਜਿਸ ਕਰਕੇ ਰਵਾਇਤੀ ਗੱਡੇ ਆਮ ਵਰਤੋਂ ਤੋਂ ਤੱਕਰੀਬਨ ਗਾਇਬ ਹੋ ਗਏ ਹਨ। ਇਸ ਵੇਲੇ ਬੱਲਦ-ਗੱਡੇ ਸੱਭਿਆਚਾਰਕ ਮੇਲਿਆਂ, ਵਿਰਾਸਤੀ ਪ੍ਰਦਰਸ਼ਨਾਂ ਅਤੇ ਮਿਊਜ਼ੀਅਮਾਂ ਵਿਚ ਨਮੂਨਿਆਂ ਵਜੋਂ ਰੱਖੇ ਗਏ ਹਨ। ਜਿੱਥੇ ਕਦੇ ਇਹ ਗੱਡੇ ਕਿਸਾਨ ਦੇ ਘਰ-ਘਰ ਦੀ ਲੋੜ ਸਨ, ਅੱਜ ਨੌਜਵਾਨ ਪੀੜ੍ਹੀ ਨੂੰ ਇਹ ਸਿਰਫ਼ ਫੋਟੋ ਖਿੱਚਣ ਦੇ ਸਥਾਨ ਵਾਂਗ ਹੀ ਨਜ਼ਰ ਆਉਂਦੇ ਹਨ।

ਸ਼ਿੰਗਾਰੇ ਹੋਏ ਬਲਦ ਗੱਡੇ ਦੀ ਤਸਵੀਰ।

ਹਮਲੇ ਵਾਲੀ ਜਗ੍ਹਾ ਤੋਂ ਉੱਠ ਰਹੇ ਧੂੰਏਂ ਦੀ ਤਸਵੀਰ। ਤਸਵੀਰ ਰਾਹੀਂ : ਸੁਰਿੰਦਰ ਕੋਛੜ

ਪਾਕਿ 'ਚ ਫ਼ੌਜ ਸਮਰਥਿਤ ਅੱਤਵਾਦੀ ਸਮੂਹ ਦੇ ਟਿਕਾਣਿਆਂ 'ਤੇ ਡਰੋਨ ਹਮਲੇ

ਆਈ.ਐਸ.ਆਈ.ਐਸ. ਦੇ ਤਿੰਨ ਕਮਾਂਡਰਾਂ ਦੀ ਮੌਤ

ਅੰਮ੍ਰਿਤਸਰ, 27 ਨਵੰਬਰ (ਸੁਰਿੰਦਰ ਕੋਛੜ)-ਅਫ਼ਗਾਨਿਸਤਾਨ 'ਚ ਕਥਿਤ ਤੌਰ 'ਤੇ ਰਿਹਾਇਸ਼ੀ ਇਲਾਕਿਆਂ ਨੂੰ ਟੀ. ਟੀ. ਪੀ. (ਤਹਿਰੀਕ-ਏ-ਤਾਲਿਬਾਨ ਪਾਕਿਸਤਾਨ) ਦੇ ਟਿਕਾਣੇ ਦੱਸੇ ਕੇ ਉਨ੍ਹਾਂ 'ਤੇ ਡਰੋਨ ਅਤੇ ਲੜਾਕੂ ਜਹਾਜ਼ਾਂ ਨਾਲ ਹਮਲਾ ਕਰਨ ਵਾਲੇ ਪਾਕਿ ਨੂੰ ਹੁਣ ਅਫ਼ਗਾਨਿਸਤਾਨ ਤੋਂ ਢੁਕਵਾਂ ਜਵਾਬ ਮਿਲਿਆ ਹੈ। ਟੀ. ਟੀ. ਪੀ. ਨਾਲ ਜੁੜੇ ਮੀਡੀਆ ਆਊਟਲੈੱਟ ਅਨੁਸਾਰ ਬੀਤੇ ਦਿਨ ਸ਼ਾਮ 6:30 ਵਜੇ ਦੇ ਕਰੀਬ ਪਾਕਿ ਦੇ ਖ਼ੈਬਰ ਪਖਤੂਨਖਵਾ ਸੂਬੇ ਦੇ ਖ਼ੈਬਰ ਜ਼ਿਲ੍ਹੇ ਦੇ ਜਬ੍ਹਾ ਮੇਲੇ 'ਚ ਦੋ ਅਣਪਛਾਤੇ ਡਰੋਨਾਂ ਨੇ ਪਾਕਿਸਤਾਨੀ ਫੌਜ ਸਮਰਥਿਤ ਆਈ. ਐੱਸ. ਆਈ. ਐੱਸ. (ਇਸਲਾਮਿਕ ਸਟੇਟ ਆਫ਼ ਇਰਾਕ ਐਂਡ ਸੀਰੀਆ) ਦੇ ਦੋ ਟਿਕਾਣਿਆਂ 'ਤੇ ਹਮਲਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਕਈ ਆਈ.ਐੱਸ.ਆਈ. ਐੱਸ. ਅੱਤਵਾਦੀ ਕਮਾਂਡਰ ਲੁਕਣਗਾਹ 'ਤੇ ਮੌਜੂਦ ਸਨ, ਜਿਨ੍ਹਾਂ 'ਚ ਅਬਦੁਲ ਹਕੀਮ ਤੋਹਿਦੀ, ਗੁਲ ਨਾਜ਼ਿਮ ਅਤੇ ਸਾਦਿਕ ਯਾਰ ਸ਼ਾਮਿਲ ਸਨ। ਦੱਸਿਆ ਜਾ ਰਿਹਾ ਹੈ ਕਿ ਮਾਰੇ ਗਏ ਅੱਤਵਾਦੀ ਖ਼ੈਬਰ ਅਤੇ ਓਰਕਜ਼ਈ ਖੇਤਰਾਂ ਦੇ ਵਸਨੀਕ ਅਤੇ ਅੱਤਵਾਦੀ ਅਬਦੁਲ ਮਲਿਕ ਦੇ ਕਰੀਬੀ ਸਾਥੀ ਸਨ।

10 YEAR WARRANTY | BAJAJ SECURE • AMC • ROAD SIDE ASSISTANCE | 72198 21111 | HDFC BANK | SHRIRAM Finance | IDFC FIRST Bank ALWAYS YOU FIRST | BAJAJ AUTO CREDIT | L&T Finance | TATA CAPITAL Two Wheeler Loans

*ਨਿਯਮ ਅਤੇ ਸ਼ਰਤਾਂ ਲਾਗੂ। ਹੈਟ-ਟ੍ਰਿਕ ਸੇਵਿੰਗਸ 25 ਨਵੰਬਰ 2025 ਤੋਂ 25 ਦਸੰਬਰ 2025 ਤੱਕ ਲਾਗੂ। ਕੁੱਲ ਬੱਚਤ ਵਿੱਚ 100% ਜੀਐਸਟੀ ਲਾਭ (ਐਕਸ ਸ਼ੋਰੂਮ ਕੀਮਤ ਅਤੇ ਲਾਗੂ ਆਰਟੀਓ ਟੈਕਸ 'ਤੇ), ਸਿਫ਼ਰ ਪ੍ਰੋਸੈਸਿੰਗ ਫੀਸ ਅਤੇ 1 ਸਾਲ ਦਾ ਖੁਦ ਦੀ ਹਾਨੀ ਦਾ ਬੀਮਾ (OD) ਸ਼ਾਮਿਲ ਹੈ। ਸਿਫ਼ਰ PF ਅਤੇ OD 'ਤੇ ਬੱਚਤ ਵਿੱਚ ਫਾਈਨੈਂਸਰ/ਬੀਮਾ ਦੇਣ ਵਾਲੇ ਅਨੁਸਾਰ ਲੋਕੇਸ਼ਨਸ ਵਿੱਚ ਫਰਕ ਹੋ ਸਕਦਾ ਹੈ। ਫਾਈਨੈਂਸ ਫਾਈਨੈਂਸਰ ਦੇ ਸ੍ਹੈ-ਨਿਰਣੈ ਅਧੀਨ। ਕਰਤਬ ਮਾਹਿਰਾਂ ਦੁਆਰਾ ਪ੍ਰੋਫੈਸ਼ਨਲ ਨਿਗਰਾਣੀ ਹੇਠ ਨਿਯੰਤ੍ਰਿਤ ਵਾਤਾਵਰਨ ਵਿੱਚ, ਆਮ ਜਨਤਾ ਜਾਂ ਜਨਤਕ ਸੜਕਾਂ ਤੋਂ ਦੂਰ ਕੀਤੇ ਗਏ ਹਨ। ਨਕਲ ਦਾ ਜਤਨ ਨਾ ਕਰੋ ਅਤੇ ਹਰ ਸਮੇਂ ਟ੍ਰੈਫਿਕ ਅਤੇ ਸੁਰੱਖਿਆ ਨਿਯਮਾਂ ਦਾ ਪਾਲਨ ਕਰੋ।

Authorised Dealers for BAJAJ Auto Ltd.: Abohar RAJA BAJAJ 9779671474 • **Amritsar DOABA BAJAJ Court Road** 9915011856 • **Barnala** GOYAL BAJAJ 9780888949, 9780888958 • **Batala** BABA BAJAJ 8194876161 • **Bathinda RAJA BAJAJ Goniana Road** 9781401137, 9781801124 **Bibiwala Road** 9781801124 • **Faridkot** RISHAB BAJAJ 9041203939 • **Ferozepur BABA BAJAJ Moga Road** 8559075968, 9855931888 • **Gurdaspur MADAAN BAJAJ 9781629999** • **Hoshiarpur** RAMPA BAJAJ 9915716399 **Gardiwal** 9915762286• **Jalandhar LOVELY BAJAJ Nakodar Chowk** 9872000058 **Begowal** 6239357275, **DADA BAJAJ BMC Chowk** 8054089999, DADA BAJAJ **Focal Point** 8054089999, DADA BAJAJ Kartarpur 8054089999 • **Jagraon** PANKAJ BAJAJ 9878425416, 01624502192 • **Kapurthala** LOVELY BAJAJ 9915028647 • **Khanna** DADA BAJAJ 8054089999 • **Kotkapura** RISHAB BAJAJ 9888900504 • **Ludhiana** DADA BAJAJ **Dholewal Chowk** 9888833389 **Rahon Rd** 9888833389 **Chandigarh Rd** 9888833389 **Gill Rd** 9888833389, IMPACT BAJAJ **Sherpur Chowk** 9814530701 **Ferozpur Rd** 0161-5099620 • **Malerkotla** GOYAL BAJAJ 9780888913, 9780808800 • **Moga** PANKAJ BAJAJ 01636-504154, 7837000408 • **Mansa** RAJA BAJAJ 9464131846 • **Mukerian** RAMPA BAJAJ 01883-244301 • **Muktsar** RISHAB BAJAJ 9914073073 • **Nangal** BHAKRA BAJAJ 9815906052 • **Nawanshahr** RAMPA BAJAJ 9915716397, 01823-504505 • **Pathankot DASHMESH MOTORS 6239162577** • **Patiala** GOYAL BAJAJ 9814744627, 9814768700 VS BAJAJ SIRHIND ROAD 0175-2360070, 7527007892 • **Phagwara** LOVELY BAJAJ 9915020540 • **Rajpura** RAAJ BAJAJ 9336042000 • **Ropar** BHAKRA BAJAJ 9815938052 • **Sangrur** GOYAL BAJAJ 9780888941, 9780888990 • **Tarn-Taran** BABA BAJAJ 9914131888, 9855931888, 9592144555• **Sunam** GOYAL BAJAJ 9780888995, 9780888992 • **Panchkula** PANCHKULA BAJAJ 9115520033, 9115520033 • **Mohali** MOHALI BAJAJ 9988817099 • **Chandigarh** NDM BAJAJ 9875900911, 9875900913 • **Dirba** GOYAL BAJAJ 7527007893, 9356288012.